# ਸਥਾਨਿਕ ਕਲੀਸਿਯਾ ਦੀ ਸਰਵਉੱਚਤਾ

## THE SOVEREIGNTY OF THE LOCAL CHURCH

**ਕਲੀਸਿਯਾ ਵਿੱਚ ਸੱਭ ਤੋਂ ਉੱਚਾ ਦਰਜਾ ਐਲਡਰ (ਬਜ਼ੁਰਗ) ਦਾ ਹੈ,** ਬਿਸ਼ਪ ਦਾ ਨਹੀਂ, ਪੁਰੋਹਿਤ ਜਾਂ ਕਿਸੇ ਹੋਰ ਦਾ ਨਹੀਂ ਹੈ। ਪ੍ਰਮੇਸ਼ੁਰ ਉਸ ਕਲੀਸਿਯਾ ਦੇ ਬਜ਼ੁਰਗ ਨਾਲ ਵਿਵਹਾਰ ਕਰਦਾ ਹੈ। ਹੁਣ, ਉਹ ਆਪਣੀ ਕਲੀਸਿਯਾ ਨੂੰ ਆਪਣਾ ਸੰਦੇਸ਼ ਦਿੰਦਾ ਹੈ, ਜਾਂ ਜਿਸ ਚੀਜ਼ ਦੀ ਉਹਨਾਂ ਨੂੰ ਜ਼ਰੂਰਤ ਹੁੰਦੀ ਹੈ। [1]

ਨਿਕੁਲਾਈਆਂ ਦੀ ਸਿੱਖਿਆ :

ਪ੍ਰਕਾਸ਼ ਦੀ ਪੋਥੀ 2:15, "ਇਸੇ ਤਰ੍ਹਾਂ ਤੇਰੇ ਕੋਲ ਓਹ ਵੀ ਹਨ ਜਿਨ੍ਹਾਂ ਨਿਕੁਲਾਈਆਂ ਦੀ ਸਿੱਖਿਆ ਓਵੇਂ ਹੀ ਧਾਰੀ ਹੈ।"

ਪ੍ਰਮੇਸ਼ੁਰ ਦਾ ਨਬੀ ਸਾਨੂੰ ਅੱਗੇ ਦੱਸਦਾ ਹੈ: ਤੁਹਾਨੂੰ ਯਾਦ ਹੋਵੇਗਾ ਕਿ ਅਫਸੀਆਂ ਦੇ ਯੁੱਗ ਵਿੱਚ ਮੈਂ ਦੱਸਿਆ ਹੈ ਕਿ ਸ਼ਬਦ ਨਿਕੁਲਾਈਆਂ ਯੂਨਾਨੀ ਭਾਸ਼ਾ ਦੇ ਦੋ ਸ਼ਬਦਾਂ ਤੋਂ ਬਣਿਆ ਹੋਇਆ ਹੈ: ਨਿਕੁ, ਜਿਸ ਦਾ ਭਾਵ ਹੈ ਫਤਹਿ ਪਾਉਣੀ, ਅਤੇ ਲਾਈ ਜਿਸ ਦਾ ਭਾਵ ਹੈ ਪ੍ਰਮੇਸ਼ਵਰ ਦੇ ਲੋਕ। **ਨਿਕੁਲਾਈਆਂ ਦਾ ਭਾਵ ਹੈ "ਪ੍ਰਮੇਸ਼ਵਰ ਦੇ ਲੋਕਾਂ ਨੂੰ ਫਤਹਿ ਕਰ ਲੈਣਾ।"** ਹੁਣ ਇਹ ਗੱਲ ਇੰਨੀ ਖਤਰਨਾਕ ਕਿਉਂ ਹੈ? ਇਹ ਗੱਲ ਇਸ ਲਈ ਭਿਆਨਕ ਹੈ ਕਿਉਂਕਿ ਪ੍ਰਮੇਸ਼ੁਰ ਨੇ ਆਪਣੇ ਲੋਕਾਂ ਨੂੰ ਕਦੇ ਵੀ ਆਪਣੀ ਕਲੀਸਿਯਾ ਨੂੰ ਕਿਸੇ ਅਜਿਹੇ ਆਗੂ ਦੇ ਹੱਥ ਵਿੱਚ ਨਹੀਂ ਦਿੱਤਾ ਜੋ ਸਿਆਸੀ ਢੰਗ ਨਾਲ ਚੱਲਦਾ ਹੋਵੇ। **ਪਰ ਉਸ ਨੇ ਆਪਣੀ ਕਲੀਸਿਯਾ ਨੂੰ ਪ੍ਰਮੇਸ਼ੁਰ ਵੱਲੋਂ ਠਹਿਰਾਏ, ਆਤਮਾ ਨਾਲ ਭਰਪੂਰ ਅਤੇ ਵਚਨ ਅਨੁਸਾਰ ਜੀਵਨ ਗੁਜ਼ਾਰਨ ਵਾਲੇ ਲੋਕਾਂ ਨੂੰ ਸੌਂਪਿਆ ਹੈ। ਜੋ ਲੋਕਾਂ ਦੀ ਅਗੁਵਾਈ ਵਚਨ ਰੂਪੀ ਰੋਟੀ ਨਾਲ ਕਰਦੇ ਹਨ।** ਉਸ ਨੇ ਲੋਕਾਂ ਨੂੰ ਵੱਖ ਵੱਖ ਦਰਜਿਆਂ ਵਿੱਚ ਨਹੀਂ ਵੰਡਿਆ ਤਾਂ ਕਿ ਲੋਕ ਪਵਿੱਤਰ ਜਾਜਕਾਈ ਦੀ ਅਗੁਵਾਈ ਹੇਠ ਚੱਲਣ। ਇਹ ਸੱਚ ਹੈ ਕਿ ਅਗੁਵਾਈ ਕਰਨ ਵਾਲਿਆਂ ਨੂੰ ਪਵਿੱਤਰ ਹੋਣਾ ਚਾਹੀਦਾ ਹੈ ਪਰ ਇਸੇ ਤਰ੍ਹਾਂ ਸਾਰੀ ਕਲੀਸਿਯਾ ਵੀ ਪਵਿੱਤਰ ਹੋਣੀ ਚਾਹੀਦੀ ਹੈ। ਵਚਨ ਵਿੱਚ ਕੋਈ ਅਜਿਹੀ ਜਗ੍ਹਾ ਨਹੀਂ ਹੈ ਜਿੱਥੇ ਜਾਜਕ ਜਾਂ ਸੇਵਾਦਾਰ ਪ੍ਰਮੇਸ਼ੁਰ ਅਤੇ ਮਨੁੱਖਾਂ ਦੇ ਵਿਚਕਾਰ ਵਿਚੋਲੇ ਹੋਣ ਅਤੇ ਨਾ ਹੀ ਕੋਈ ਅਜਿਹੀ ਜਗ੍ਹਾ ਹੈ ਜਿੱਥੇ ਉਹ ਪ੍ਰਮੇਸ਼ੁਰ ਦੀ ਭਗਤੀ ਲਈ ਦੂਜਿਆ ਨਾਲੋਂ ਵੱਖਰੇ ਹਨ। **ਪ੍ਰਮੇਸ਼ੁਰ ਚਾਹੁੰਦਾ ਹੈ ਕਿ ਸਭ ਲੋਕ ਮਿਲ ਕੇ ਉਸਦੀ ਭਗਤੀ ਕਰਨ ਅਤੇ ਉਸਨੂੰ ਪਿਆਰ ਕਰਨ।** ਨਿਕੁਲਾਈਵਾਦ ਉਹਨਾਂ ਨਿਯਮਾਂ ਨੂੰ ਖਤਮ ਕਰਦਾ ਹੈ ਅਤੇ ਉਸਦੀ ਬਜਾਏ **ਸੇਵਾਦਾਰਾਂ ਨੂੰ ਲੋਕਾਂ ਤੋਂ ਅੱਡ ਕਰਦਾ ਹੈ ਅਤੇ ਦਾਸਾਂ ਦੇ ਨਾਲੋਂ ਜਿਆਦਾ ਲੋਕਾਂ ਨੂੰ ਹੁਕਮਰਾਨ ਬਣਾਉਂਦਾ ਹੈ।**

ਹੁਣ ਇਹ ਸਿੱਖਿਆ ਪਹਿਲੇ ਯੁੱਗ ਵਿੱਚ ਇੱਕ ਕੰਮ ਵਾਂਗ ਸ਼ੁਰੂ ਹੋਈ। ਇੰਝ ਵਿਖਾਈ ਦਿੰਦਾ ਹੈ ਕਿ ਸਮੱਸਿਆ ਸਿਰਫ ਇਹਨਾਂ ਦੋ ਸ਼ਬਦਾਂ ਵਿੱਚ ਹੈ: 'ਬਜ਼ੁਰਗ' (ਪੁਰੋਹਿਤ) ਅਤੇ 'ਨਿਗਾਹਬਾਨ' (ਬਿਸ਼ਪ)। ਭਾਵੇਂ ਲਿਖਤਾਂ ਦੱਸਦੀਆਂ ਹਨ ਕਿ ਹਰੇਕ ਕਲੀਸਿਯਾ ਵਿੱਚ ਕਈ ਬਜ਼ੁਰਗ ਹਨ ਤਾਂ ਵੀ ਉਹਨਾਂ ਵਿੱਚੋਂ (ਇਗਨੇਸ਼ੀਅਸ

ਉਨ੍ਹਾਂ ਵਿੱਚੋਂ ਇੱਕ) ਕਈਆਂ ਨੇ ਸਿਖਾਉਣਾ ਸ਼ੁਰੂ ਕੀਤਾ ਕਿ ਬਿਸ਼ਪ ਦਾ ਵਿਚਾਰ, ਬਜ਼ੁਰਗਾਂ ਉੱਤੇ ਉੱਤਮਤਾ, ਜਾਂ ਅਧਿਕਾਰ ਅਤੇ ਨਿਯੰਤਰਣ ਕਰਨ ਵਿੱਚੋਂ ਸੀ।

**ਹੁਣ ਇਸ ਗੱਲ ਦੀ ਸੱਚਾਈ ਇਹ ਹੈ ਕਿ 'ਬਜ਼ੁਰਗ' (ELDER) ਸ਼ਬਦ ਦਰਸਾਉਂਦਾ ਹੈ ਕਿ ਵਿਅਕਤੀ ਹੈ ਕੌਣ, ਜਦ ਕਿ ਬਿਸ਼ਪ ਸ਼ਬਦ ਉਸੇ ਆਦਮੀ ਦੇ ਦਰਜੇ ਨੂੰ ਦਰਸਾਉਂਦਾ ਹੈ। ਬਜ਼ੁਰਗ ਇੱਕ ਮਨੁੱਖ ਹੁੰਦਾ ਹੈ। ਅਤੇ ਬਿਸ਼ਪ ਉਸ ਮਨੁੱਖ ਦਾ ਅਹੁਦਾ ਹੁੰਦਾ ਹੈ। ਇੱਕ ਬਜ਼ੁਰਗ ਪ੍ਰਭੂ ਵਿੱਚ ਆਪਣੀ ਉਮਰ ਨੂੰ ਪ੍ਰਗਟ ਕਰਦਾ ਹੈ ਅਤੇ ਕਰਦਾ ਰਹੇਗਾ। ਬਜ਼ੁਰਗ ਇਸ ਲਈ ਬਜ਼ੁਰਗ ਨਹੀਂ ਹੈ, ਕਿ ਉਸ ਨੂੰ ਥਾਪਿਆ ਜਾਂ ਚੁਣਿਆ ਗਿਆ ਹੈ, ਪਰ ਇਸ ਲਈ ਹੈ ਕਿਉਂ ਜੋ ਉਹ ਪ੍ਰਭੂ ਵਿੱਚ ਸਿਆਣਾ (ਬੁੱਢਾ) ਮਨੁੱਖ ਹੈ।** ਉਹ ਜਿਆਦਾ ਤਜਰਬੇਕਾਰ ਅਤੇ ਸਿੱਖਿਆ ਹੋਇਆ ਹੈ, ਕੋਈ ਨਵਾਂ ਨਹੀਂ, ਸਗੋਂ ਮਸੀਹੀ ਤਜਰਬੇ ਦੇ ਕਾਰਨ ਅਤੇ ਲੰਬੇ ਸਮੇਂ ਤੋਂ ਮਜਬੂਤੀ ਨਾਲ ਖੜ੍ਹੇ ਰਹਿਣ ਕਾਰਨ ਭਰੋਸੇਮੰਦ ਹੈ।

ਪਰ ਨਹੀਂ, ਬਿਸ਼ਪ ਪੌਲੂਸ ਰਸੂਲ ਦੀਆਂ ਪੱਤ੍ਰੀਆਂ ਤੇ ਦ੍ਰਿੜ ਨਹੀਂ ਰਹਿੰਦੇ, ਪਰ ਉਹ ਇਹਦੀ ਜਗ੍ਹਾ ਪੌਲੂਸ ਦੀ ਉਸ ਸਮੇਂ ਦੀ ਗੱਲ ਨੂੰ ਲੈਂਦੇ ਹਨ, ਜਦ ਉਸ ਨੇ ਰਸੂਲਾਂ ਦੇ ਕਰਤੱਬ ਦੀ ਕਿਤਾਬ ਦੀ 20 ਵਿੱਚ ਬਜ਼ੁਰਗਾਂ ਨੂੰ ਮਿਲੇਤੁਸ ਵਿੱਚੋਂ ਅੱਫਸੁਸ ਵਿੱਚ ਸੱਦਵਾਇਆ। **17 ਆਇਤ ਦੱਸਦੀ ਹੈ ਕਿ ਕਲੀਸਿਯਾ ਦੇ "ਬਜ਼ੁਰਗਾਂ" ਨੂੰ ਸੱਦਿਆ ਗਿਆ ਅਤੇ ਫਿਰ 28 ਆਇਤ ਵਿੱਚ ਉਹ ਨਿਗਾਹਬਾਨ (ਬਿਸ਼ਪ)** ਕਹਿਲਾਉਂਦੇ ਹਨ। ਅਤੇ ਇਹਨਾਂ ਨਿਗਾਹਬਾਨਾਂ ਨੇ (ਕੋਈ ਸ਼ੱਕ ਨਹੀਂ ਕਿ ਉਹ ਸਿਆਸੀ ਬੁੱਧੀ ਵਾਲੇ ਅਤੇ ਹਕੂਮਤ ਹਾਸਲ ਕਰਨ ਦੇ ਭੁੱਖੇ ਸਨ) ਲੋਕਾਂ ਤੇ ਇਸ ਗੱਲ ਦਾ ਦਬਾਓ ਪਾਇਆ ਕਿ ਪੌਲੂਸ ਦੇ ਅਨੁਸਾਰ ਇੱਕ 'ਨਿਗਾਹਬਾਨ' ਦਾ ਮਤਲਬ ਇਹ ਹੈ ਕਿ **ਉਹ ਸਥਾਨਿਕ ਬਜ਼ੁਰਗ (ELDER) ਨਾਲੋਂ ਵੱਡਾ ਹੈ, ਜਿਸ ਦੀ ਅਧਿਕਾਰ ਸਮਰੱਥਾ ਸਿਰਫ ਉਸ ਦੀ ਆਪਣੀ ਕਲੀਸਿਯਾ ਤੱਕ ਹੀ ਹੈ। ਉਹਨਾਂ ਦੇ ਵਿਚਾਰ ਅਨੁਸਾਰ ਹੁਣ ਬਿਸ਼ਪ (ਨਿਗਾਹਬਾਨ) ਇੱਕ ਅਜਿਹੀ ਹਸਤੀ ਹੈ, ਜਿਸ ਕੋਲ ਬਹੁਤ ਸਾਰੇ ਸਥਾਨਿਕ ਸੇਵਾਦਾਰਾਂ ਉੱਤੇ ਇਖਤਿਆਰ ਹੈ। ਇਸ ਕਿਸਮ ਦੀ ਧਾਰਨਾ ਜਾਂ ਵਿਚਾਰ ਨਾ ਹੀ ਬਾਈਬਲ ਅਨੁਸਾਰ ਹੈ ਨਾ ਹੀ ਇਹ ਇਤਿਹਾਸਕ ਹੈ। ਤਾਂ ਵੀ ਪੋਲੀਕਾਰਪ ਦੇ ਰੁਤਬੇ ਦਾ ਮਨੁੱਖ ਇਸ ਤਰ੍ਹਾਂ ਦੀ ਸੰਸਥਾ ਵੱਲ ਝੁੱਕ ਗਿਆ।**

ਇਸ ਤਰ੍ਹਾਂ, ਜੋ ਪਹਿਲੇ ਯੁੱਗ ਵਿੱਚ ਇੱਕ ਕੰਮ (DEED) ਵਾਂਗ ਸ਼ੁਰੂ ਹੋਇਆ, ਉਹ ਬਾਅਦ ਵਿੱਚ ਇੱਕ ਸਿੱਖਿਆ (DOCTRINE) ਬਣ ਗਿਆ ਅਤੇ ਅੱਜ ਵੀ ਇਹ ਇਸੇ ਤਰ੍ਹਾਂ ਹੈ। ਬਿਸ਼ਪ (ਨਿਗਾਹਬਾਨ) ਅੱਜ ਵੀ ਲੋਕਾਂ ਉੱਤੇ ਅਤੇ ਸੇਵਕਾਈ ਤੇ ਹਕੂਮਤ ਕਰਨ ਦੀ ਸ਼ਕਤੀ ਦਾ ਦਾਅਵਾ ਕਰਦੇ ਹਨ ਅਤੇ ਜਿਸ ਤਰ੍ਹਾਂ ਚਾਹੁੰਦੇ ਹਨ ਉਸੇ ਤਰ੍ਹਾਂ ਉਹਨਾਂ ਨਾਲ ਵਰਤਾਰਾ ਕਰਦੇ ਹਨ। ਉਹ ਜਿੱਥੇ ਚਾਹੁੰਦੇ ਹਨ ਉਹਨਾਂ ਨੂੰ ਉੱਥੇ ਸੇਵਕਾਈ ਵਿੱਚ ਲਾਉਂਦੇ ਹਨ। **ਇਹ ਪਵਿੱਤਰ ਆਤਮਾ ਦੀ ਅਗੁਵਾਈ ਦਾ ਇਨਕਾਰ ਹੈ,** ਜਿਸ ਨੇ ਆਖਿਆ ਸੀ ਕਿ, "ਮੇਰੇ ਲਈ ਪੌਲੂਸ ਅਤੇ ਬਰਨਾਬਾਸ ਨੂੰ ਉਸ ਕੰਮ ਲਈ ਅੱਡ ਕਰੋ ਜਿਸ ਵਾਸਤੇ ਮੈਂ ਉਹਨਾਂ ਨੂੰ ਸੱਦਿਆ ਹੈ" ਇਹ ਵਚਨ-ਵਿਰੋਧੀ ਅਤੇ ਮਸੀਹ-ਵਿਰੋਧੀ ਹੈ (ਮੱਤੀ 20:25-28)। [2]

ਹੁਣ, ਮੇਰੇ ਬੈਪਟਿਸਟ ਚਰਚ ਵਿੱਚ ਰੁਕੇ ਰਹਿਣ ਦੇ ਕਾਰਨ ਨੂੰ ਯਾਦ ਕਰੋ, **ਉਹ ਸੀ ਸਥਾਨਿਕ ਕਲੀਸਿਯਾ ਦੀ ਸਰਵਉੱਚਤਾ ਜੋ ਕਿ ਮੈਂ ਸੋਚਦਾ ਹਾਂ ਕਿ ਰਸੂਲਾਂ ਵਾਲੀ ਹੈ।** ਤੁਸੀਂ ਸਮਝੇ? ਬੈਪਟਿਸਟ ਬਣ ਕੇ ਨਹੀਂ ਜੋ ਕਿ ਸਾਡੇ ਕੋਲ ਹਨ... ਮੈਂ ਤਾਂ ਉਹਨਾਂ ਦੀਆਂ ਸੰਗਤੀਆਂ ਵੀ ਨਹੀਂ ਕਰਦਾ, ਪ੍ਰੰਤੂ ਬੈਪਟਿਸਟ ਕਲੀਸਿਯਾ

ਕੋਈ ਜੱਥੇਬੰਦੀ ਨਹੀਂ ਹੈ। ਇਸਨੂੰ ਜੱਥੇਬੰਦੀ ਨਹੀਂ ਮੰਨਿਆ ਜਾਣਾ ਚਾਹੀਦਾ ਸੀ। ਹੁਣ ਇਹ ਹੈ, ਪਰ ਇਸਨੂੰ ਜੱਥੇਬੰਦੀ ਨਹੀਂ ਹੋਣਾ ਚਾਹੀਦਾ ਸੀ। **ਇਹ ਭਾਈਚਾਰਾ ਹੈ ਅਤੇ ਇਹ ਸਥਾਨਿਕ ਕਲੀਸਿਯਾ ਦੀ ਸਰਵਉੱਚਤਾ ਹੈ।** ਅਤੇ ਜੇ ਕਦੇ ਪ੍ਰਮੇਸ਼ੁਰ ਆਪਣੇ ਆਦਮੀ, **ਆਪਣੇ ਬਜ਼ੁਰਗ** ਨੂੰ ਸੰਦੇਸ਼ ਦੇਣਾ ਚਾਹੁੰਦਾ ਹੈ, ਜੋ ਕਿ ਹੈ.... **ਬਾਈਬਲ ਅਨੁਸਾਰ, ਸਥਾਨਿਕ ਕਲੀਸਿਯਾ ਵਿੱਚ ਸੱਭ ਤੋਂ ਉੱਚਾ ਦਰਜਾ ਬਜ਼ੁਰਗ ਦਾ ਹੈ।** ਅਤੇ ਹੁਣ, ਬਜ਼ੁਰਗ ਤੱਕ ਜਾਣ ਲਈ, ਰਾਜ ਪੁਰੋਹਿਤ ਤੋਂ ਜਾਣਾ ਪਵੇਗਾ, ਅਤੇ ਫਿਰ ਅੱਗੇ ਕਿਸੇ ਹੋਰ ਤੋਂ, ਅਤੇ ਵਾਪਸ ਬਿਸ਼ਪ ਤੋਂ, ਅਤੇ ਫਿਰ ਇਹ ਲਿਖਿਆ ਜਾਂਦਾ ਹੈ, ਅਸੀਂ ਇਸ ਮਿਆਦ ਨੂੰ ਮੰਨਦੇ ਹਾਂ। ਬਸ ਇਹੀ ਹੈ।" [3]

**ਇਸ ਉੱਪਰ ਬਿਸ਼ਪ ਨੂੰ ਨਾ ਠਹਿਰਾਓ। ਪਵਿੱਤਰ ਆਤਮਾ ਨੂੰ ਇਸ ਉੱਪਰ ਰਹਿਣ ਦਿਓ।** ਸਮਝੇ? ਪਵਿੱਤਰ ਆਤਮਾ ਕੰਡਿਆਲੀ ਅਤੇ ਇਸ ਤਰ੍ਹਾਂ ਦੀਆਂ ਚੀਜ਼ਾਂ ਆਦਿ ਨੂੰ ਬਾਹਰ ਕੱਢਣ ਲਈ ਭੇਜਿਆ ਗਿਆ ਸੀ; ਇਹ ਨਹੀਂ ਜੋ ਬਿਸ਼ਪ, ਜਾਂ ਦੇਖ ਭਾਲ ਕਰਨ ਵਾਲਾ ਜਾਂ ਕੋਈ ਹੋਰ ਸੋਚਦਾ ਹੈ। **ਉਸ ਕਲੀਸਿਯਾ ਨੂੰ ਠੀਕ ਹਾਲਤ ਵਿੱਚ ਰੱਖਣ ਲਈ ਪਵਿੱਤਰ ਆਤਮਾ ਦੀ ਲੋੜ੍ਹ ਹੁੰਦੀ ਹੈ।** ਉਹ ਹੀ ਓਹ ਸੰਪੂਰਣ ਵਚਨ ਸੀ ਜਿਵੇਂ ਕਿ ਅਸੀਂ ਵੇਖਾਂਗੇ।

ਆਦਮ ਕੋਲ ਆਪਣੀ ਚੋਣ ਸੀ: ਵਚਨ ਮੰਨੇ ਅਤੇ ਜੀਵੇ, ਜਾਂ ਫਿਰ ਵਚਨ ਤੇ ਬੇਪ੍ਰਤੀਤੀ ਕਰੇ ਅਤੇ ਮਰੇ।

**ਸਾਡੇ ਕੋਲ ਵੀ ਉਹੀ ਚੋਣ ਹੈ,** ਕਿਉਂਕਿ ਸਾਡੇ ਕੋਲ ਵੀ ਹੋਣੀ ਹੀ ਹੈ। ਜੇ ਪ੍ਰਮੇਸ਼ੁਰ ਨੇ ਆਦਮ ਨੂੰ ਵਚਨ ਤੇ ਖੜ੍ਹਾ ਕੀਤਾ, ਅਤੇ ਬਸ ਸਿਰਫ ਵਚਨ ਤੇ ਹੀ, ਤਾਂ ਅਤੇ ਫਿਰ ਸਾਨੂੰ ਉਹ ਕਿਸੇ ਅਕੀਦੇ ਜਾਂ ਮੱਤ ਤੇ ਖੜ੍ਹਾ ਕਰੇ ਤਾਂ ਫਿਰ ਪ੍ਰਮੇਸ਼ੁਰ ਆਪਣੇ ਨਿਆਂ ਵਿੱਚ ਅਨਿਆਂਈ ਹੈ; ਇਸ ਨਾਲ ਉਸਦੀ ਪਵਿੱਤਰਤਾ ਨਹੀਂ ਬਣਦੀ ਅਤੇ ਨਾ ਹੀ ਸਰਵਉੱਚਤਾ। **ਅਤੇ ਉਸ ਦੀ ਸਰਵਉੱਚਤਾ ਇੰਝ ਬਣਦੀ** ਹੈ ਕਿ ਉਸਨੇ ਹਰ ਇੱਕ ਵਿਅਕਤੀ ਨੂੰ ਉਸੇ ਹੀ ਅਧਾਰ ਤੇ ਰੱਖਿਆ ਹੈ। **ਅਤੇ ਉਹ ਪ੍ਰਮੇਸ਼ੁਰ ਹੈ ਅਤੇ ਬਦਲਦਾ ਨਹੀਂ ਹੈ।** ਜਿਹੜਾ ਕੰਮ ਪ੍ਰਮੇਸ਼ੁਰ ਇੱਕ ਵਾਰ ਕਰਦਾ ਹੈ ਉਸੇ ਕੰਮ ਨੂੰ ਉਹ ਹਮੇਸ਼ਾਂ ਕਰਦਾ ਹੈ। **ਉਹ ਆਪਣੇ ਪ੍ਰੋਗਰਾਮ ਨੂੰ ਕਦੇ ਵੀ ਨਹੀਂ ਬਦਲਦਾ ਹੈ।** ਇੱਕੋ ਕੰਮ ਉਹ ਕਰਦਾ ਹੈ ਕਿ ਇਸ ਨੂੰ ਹੋਰ ਜਿਆਦਾ ਪ੍ਰਗਟ ਕਰਦਾ ਹੈ। ਪਰ ਉਹ ਉਸਨੂੰ ਬਦਲਦਾ ਨਹੀਂ ਹੈ। ਉਹ ਹੀ ਚੀਜ਼ ਲਗਾਤਾਰ ਜਾਰੀ ਰਹਿੰਦੀ ਹੈ। [4]

ਜਦ ਤੱਕ ਇਹ ਚਰਚ ਹੈ, ਇਹ ਅਧਿਕਾਰ ਪੂਰਣ ਹੈ। **ਸਾਡੇ ਚਰਚ ਵਿੱਚ, ਕਲੀਸਿਯਾ ਦੀ ਸਰਵਉੱਚਤਾ ਹੈ। ਕਲੀਸਿਯਾ ਕੰਮ ਕਰਦੀ ਹੈ,** ਜਾਂ ਟਰੱਸਟੀਆਂ ਨੂੰ ਨਿਯੁਕਤ ਕਰਦੀ ਹੈ, ਕਲੀਸਿਯਾ ਪਾਸਟਰ ਨੂੰ ਨਿਯੁਕਤ ਕਰਦੀ ਹੈ, **ਜੋ ਕੁਝ ਵੀ ਇਹ ਹੈ, ਇਹ ਸੱਭ ਕੁਝ ਕਲੀਸਿਯਾ ਹੈ। ਇਹ ਰਸੂਲਾਂ ਅਨੁਸਾਰ ਹੈ।** ਇਸੇ ਤਰੀਕੇ ਨਾਲ ਇਹ ਬਾਈਬਲ ਦੇ ਸਮੇਂ ਵਿੱਚ ਕੀਤਾ ਗਿਆ ਸੀ। ਇਸ ਲਈ ਅਸੀਂ ਮਹਿਸੂਸ ਕਰਦੇ ਹਾਂ ਕਿ ਕਲੀਸਿਯਾ ਵਿੱਚ **ਕੋਈ ਵੀ ਇੱਕ ਵਿਅਕਤੀ** ਤਾਨਾਸ਼ਾਹ ਜਾਂ ਕੁਝ ਹੋਰ ਨਹੀਂ ਹੈ। ਅਸੀਂ ਇਹ ਨਹੀਂ ਚਾਹੁੰਦੇ ਹਾਂ। ਹਰੇਕ ਆਦਮੀ, ਹਰ ਇੱਕ ਵਿਅਕਤੀ, ਮੈਂ ਆਪ, ਹਰ ਇੱਕ ਚੀਜ਼ ਵਿੱਚ ਵੋਟ ਪਾਉਂਦਾ ਹਾਂ, ਜਿਵੇਂ ਇੱਥੇ ਚਰਚ ਦਾ ਹਰ **ਇੱਕ ਵਿਅਕਤੀ ਇੱਕ ਵੋਟ ਪਾਉਂਦਾ ਹੈ। ਇਹ ਉਹ ਨਹੀਂ ਜੋ ਮੈਂ ਕਹਿੰਦਾ ਹਾਂ ਬਲਕਿ ਇਹ ਉਹ ਹੈ ਜੋ ਕਲੀਸਿਯਾ, ਲੋਕਾਂ ਦਾ ਇਕੱਠ ਕਹਿੰਦਾ ਹੈ।** ਕੀ ਤੁਸੀਂ ਇਸਨੂੰ ਪਸੰਦ ਕਰਦੇ ਹੋ? ਔਹ, ਮੈਂ ਸੋਚਦਾ ਹਾਂ ਕਿ ਇਹ ਲਿਖਤਾਂ ਦੇ ਮੁਤਾਬਿਕ ਹੈ। ਇਹ ਇਸੇ ਤਰੀਕੇ ਨਾਲ ਹੀ ਹੋਣਾ ਚਾਹੀਦਾ ਹੈ। [5]

ਤੁਸੀਂ ਸਭਨਾਂ ਨੇ ਇਸ ਤੇ ਸੌ ਪ੍ਰਤੀਸ਼ਤ ਵੋਟਾਂ ਪਾਈਆਂ ਹਨ, ਇਸ ਲਈ ਸਾਡੇ ਕੋਲ ਇਸਦਾ ਅਧਿਕਾਰ ਹੈ। ਸਮਝੇ? **ਕਲੀਸਿਯਾ ਪ੍ਰਧਾਨ ਹੈ। ਜੋ ਕਲੀਸਿਯਾ ਕਹਿੰਦੀ ਹੈ, ਬਸ ਉਹ ਹੀ...** ਟਰੱਸਟੀ ਜਾਂ ਫਿਰ ਕੋਈ ਹੋਰ ਨਹੀਂ ... ਸਾਰੇ ਟਰੱਸਟੀ ਬੱਸ, ਉਹਨਾਂ ਵਿੱਚੋਂ ਹਰ ਕੋਈ ਆਪਣੀ ਵੋਟ ਪਾਉਂਦਾ ਹੈ। ਪਾਸਟਰ ਦੀ ਬੱਸ ਆਪਣੀ ਇੱਕ ਵੋਟ ਹੈ। ਇਹ ਕਲੀਸਿਯਾ ਹੈ, ਇਹ ਕਲੀਸਿਯਾ ਦਾ ਲੋਕਤੰਤਰ ਹੈ, **ਕਲੀਸਿਯਾ ਦੀ ਸਰਵਉੱਚਤਾ। ਸਾਰੀ ਕਲੀਸਿਯਾ ਪੂਰੀ ਤਰ੍ਹਾਂ ਬੋਲਦੀ ਹੈ।** ਇਹ ਹੀ ਸੱਭ ਕੁਝ ਹੈ। ਅਤੇ ਅਸੀਂ ਇਹ ਪਸੰਦ ਕਰਦੇ ਹਾਂ, **ਕਿਉਂਕਿ ਸਾਡੇ ਕੋਲ ਕੋਈ ਬਿਸ਼ਪ, ਜਾਂ ਪਰੋਹਿਤ ਰਾਜ, ਜਾਂ ਨਿਗਾਹਬਾਨ** (OVERSEERS) **ਜਾਂ ਹੋਰ ਦੂਸਰੇ ਨਹੀਂ ਹਨ** ਜੋ ਸਾਨੂੰ ਇਹ ਜਾਂ ਉਹ ਜਾਂ ਕੁਝ ਹੋਰ ਦੱਸਣ। **ਇਹ ਕਲੀਸਿਯਾ ਦੇ ਅੰਦਰ ਪਵਿੱਤਰ ਆਤਮਾ ਹੈ ਜੋ ਬੋਲਦਾ ਹੈ, ਮੈਂ ਇਹ ਨਿਯਮ ਪਸੰਦ ਕਰਦਾ ਹਾਂ ਅਤੇ ਇਹ ਬਹੁਤ ਵਧੀਆ ਹੈ।** [6]

ਅਤੇ ਉਂਝ, ਜਦ ਮੈਂ ਬੋਲ ਰਿਹਾ ਹਾਂ: ਕੋਈ ਇਸ ਦੇਸ਼ ਵਿੱਚੋਂ, ਕਿਸੇ ਜਗ੍ਹਾ ਤੋਂ **ਭਾਈ ਨੇਵਿਲ ਨੂੰ ਪੁਲਪਿਟ ਤੋਂ ਬਾਹਰ ਕੱਢਣ ਲਈ** ਕੁਝ ਕਾਰਡ ਲਿਖਣ ਲਈ ਦੋਸ਼ੀ ਹੈ। ਤੁਹਾਨੂੰ ਇਹ ਮੇਰੇ ਨਾਲ ਸੁਲਝਾਉਣਾ ਪਵੇਗਾ। ਓਹ, ਇਹ ਠੀਕ ਹੈ। ਅਹ ਹਹਹ, ਬਿਲਕੁਲ। ਹੁਣ, ਮੈਂ ਚਾਹੁੰਦਾ ਹਾਂ ਤੁਸੀਂ... ਇਸਨੇ ਡੀਕਨ ਬੋਰਡ ਬਾਰੇ ਕੁਝ ਕਿਹਾ ਸੀ। ਡੀਕਨ ਬੋਰਡ ਦਾ ਪਾਸਟਰ ਨਾਲ ਕੁਝ ਲੈਣਾ ਦੇਣਾ ਨਹੀਂ ਹੈ। ਜੀ ਨਹੀਂ ਸ਼੍ਰੀਮਾਨ। **ਸਾਰੀ ਸਭਾ ਕੋਲ ਪੂਰਾ ਹੱਕ ਹੈ।** ਇਹ ਨਹੀਂ ਹੈ... ਡੀਕਨ ਬੋਰਡ ਬਸ ਇੱਥੇ ਚਰਚ ਵਿੱਚ ਪੁਲਿਸ ਹੈ, ਬਸ ਬਿਵਸਥਾ ਲਣਾਈ ਰੱਖਣ ਲਈ ਅਤੇ ਹੋਰ ਵੀ ਇਸੇ ਤਰ੍ਹਾਂ। **ਪਰ ਜਦ ਨਿਯਮਾਂ ਦੀ ਗੱਲ ਆਉਂਦੀ ਹੈ, ਸਾਰੀ ਕਲੀਸਿਆ ਨੇ ਇਸੇ ਤਰ੍ਹਾਂ ਕਹਿਣਾ ਹੈ। ਇਹ ਕਲੀਸਿਯਾ ਸਥਾਨਿਕ ਕਲੀਸਿਯਾ ਦੀ ਸਰਵਉੱਚਤਾ ਤੇ ਬਣੀ ਹੈ।** ਇਸ ਲਈ ਮੇਰੇ ਕੋਲ ਇਸ ਪਾਸਟਰ ਨੂੰ ਹਟਾਉਣ ਵਿੱਚ ਅਤੇ ਹੋਰ ਨੂੰ ਲਿਆਉਣ ਵਿੱਚ ਕੁਝ ਵੀ ਕਹਿਣ ਲਈ ਨਹੀਂ ਹੈ। ਮੇਰੇ ਕੋਲ ਜਾਇਦਾਦ ਹੈ; ਇਹ ਕਲੀਸਿਯਾ ਨੂੰ ਦਿੱਤੀ ਗਈ ਹੈ। **ਤੁਸੀਂ ਸਭ ਕਲੀਸਿਯਾ ਹੋ,** ਤੁਸੀਂ ਹੀ ਉਹ ਲੋਕ ਹੋ ਜੋ ਨਿਯੰਤਰਣ ਕਰਦੇ ਹਨ। ਤੁਸੀਂ ਖੁਦ ਹੀ ਕਲੀਸਿਯਾ ਹੋ। **ਅਤੇ ਕਲੀਸਿਯਾ, ਪ੍ਰਮੇਸ਼ੁਰ ਦੀ ਪਵਿੱਤਰ ਕਲੀਸਿਯਾ ਹੀ ਸਰਵਉੱਚਤਾ ਹੈ,** ਉਸ ਕਲੀਸਿਯਾ ਵਿੱਚ ਪਵਿੱਤਰ ਆਤਮਾ ਸਰਵਉੱਚਤਾ ਹੈ। ਇੱਕੋ ਚੀਜ਼ ਹੈ ਕਿ ਮੈਂ ਜਾਇਦਾਦ ਦਾ ਮਾਲਕ ਹਾਂ, ਇਹ ਇਸ ਕਲੀਸਿਯਾ ਨੂੰ ਦੇ ਦਿੱਤੀ... ਇਸ ਨੂੰ ਕਲੀਸਿਯਾ ਨੂੰ ਦੇ ਦਿੱਤਾ, ਅਤੇ ਇਹ ਟੈਕਸ ਮੁਕਤ ਹੈ। **ਅਤੇ ਕਲੀਸਿਯਾ ਆਪਣੇ ਪਾਸਟਰ ਆਪ ਚੁਣਦੀ ਹੈ।** ਮੇਰਾ ਇਸ ਨਾਲ ਕੋਈ ਲੈਣਾ ਦੇਣਾ ਨਹੀਂ ਹੈ। ਅਤੇ ਇੱਕੋ ਤਰੀਕਾ ਹੈ ਜਿਸ ਕਾਰਨ ਇਹ ਪਾਸਟਰ ਕਦੇ ਛੱਡ ਕੇ ਜਾ ਸਕਦਾ ਹੈ, **ਉਹ ਇਹ ਹੀ ਹੋ ਸਕਦਾ ਹੈ ਕਿ ਪਾਸਟਰ ਖੁਦ ਜਾਣ ਦਾ ਫੈਂਸਲਾ ਕਰਦਾ ਹੈ, ਜਾਂ ਫਿਰ ਕਲੀਸਿਯਾ ਦੀਆਂ ਬਹੁਮੱਤ ਵੋਟਾਂ ਇਹ ਕਹਿਣ ਕਿ, "ਪਾਸਟਰ ਬਦਲਿਆ ਜਾਵੇ"।** ਅਤੇ ਇਹ ਹੀ ਬੱਸ ਇੱਕ ਤਰੀਕਾ ਹੈ; ਕੋਈ ਡੀਕਨ ਬੋਰਡ ਇਹ ਨਹੀਂ ਕਰ ਸਕਦਾ। ਡੀਕਨ ਬੋਰਡ ਚਰਚ ਵਿੱਚ ਸਿਰਫ ਚੀਜ਼ਾਂ ਨੂੰ ਬਿਵਸਥਾ ਵਿੱਚ ਰੱਖਦਾ ਹੈ।

ਟਰੱਸਟੀਆਂ ਦਾ ਇਸ ਨਾਲ ਕੋਈ ਲੈਣਾ ਦੇਣਾ ਨਹੀਂ ਹੈ, **ਉਹਨਾਂ ਨੇ ਸਿਰਫ ਚਰਚ ਦੀ ਮੁਰੰਮਤ ਕਰਨੀ ਹੈ।** ਉਹ ਉਦੋਂ ਤੱਕ ਇਹ ਨਹੀਂ ਕਰ ਸਕਦੇ ਜਦ ਤੱਕ ਕਿ ਸਾਰਾ ਟਰੱਸਟੀ ਬੋਰਡ ਮਿਲਦਾ ਨਹੀਂ ਅਤੇ ਇਹ ਨਹੀਂ ਕਹਿੰਦਾ ਕਿ "ਅਸੀਂ ਇਹ ਬਣਾਵਾਂਗੇ, ਜਾਂ ਅਸੀਂ ਇਹ ਕਰਾਂਗੇ।" ਫਿਰ ਉਹਨਾਂ ਨੂੰ ਖਜ਼ਾਨਚੀ ਨੂੰ ਪੁੱਛਣਾ ਪਵੇਗਾ ਕਿ ਕੀ ਉਹਨਾਂ ਕੋਲ ਇਹ ਕਰਨ ਨਹੀ ਪੈਸੇ ਹਨ? ਜੀ ਹਾਂ ਸ਼੍ਰੀਮਾਨ। [7]

**ਪਰ ਮੈਂ ਸਥਾਨਿਕ ਮੰਡਲੀ ਦੇ ਸਰਵਉੱਚ ਅਧਿਕਾਰ ਵਿੱਚ ਵਿਸ਼ਵਾਸ ਕਰਦਾ ਹਾਂ।** ਜੀ ਹਾਂ, ਹਰ ਕਲੀਸਿਯਾ ਨੂੰ ਆਪਣੇ ਪਾਸਟਰ, ਡੀਕਨ, ਅਤੇ ਹੋਰ ਜੋ ਵੀ ਕੁਝ ਹੈ ਸੱਭ ਆਪ ਚੁਣਨ ਦਿਓ। **ਅਤੇ ਫਿਰ, ਇਸ**

**ਤਰੀਕੇ ਨਾਲ, ਕਿਸੇ ਵੀ ਆਦਮੀ ਦੇ ਉੱਪਰ ਕੋਈ ਬਿਸ਼ਪ ਨਹੀਂ ਹੋਵੇਗਾ।** ਪਵਿੱਤਰ ਆਤਮਾ ਉਸ ਕਲੀਸਿਯਾ ਨਾਲ ਕੁਝ ਬੋਲਣਾ ਚਾਹੁੰਦਾ ਹੈ, ਕਿ **ਉਹਨਾਂ ਨੂੰ ਕਿਸੇ ਨੂੰ ਪੁੱਛਣ ਦੀ ਲੋੜ ਨਹੀਂ ਕਿ ਕੀ ਉਹ ਇਹ ਜਾਂ ਉਹ ਕਰ ਸਕਦੇ ਹਨ ਜਾਂ ਨਹੀਂ? ਉਹ ਵਿਅਕਤੀਗਤ ਤੌਰ ਤੇ ਪਵਿੱਤਰ ਆਤਮਾ ਦੇ ਸੰਪਰਕ ਵਿੱਚ ਹਨ।** ਮੈਨੂੰ ਬਾਈਬਲ ਦੇ ਵਿੱਚੋਂ ਵਿਖਾਓ ਕਿ ਇੱਕ ਸਥਾਨਿਕ ਕਲੀਸਿਯਾ ਲਈ ਇੱਕ ਸਥਾਨਿਕ ਬਜ਼ੁਰਗ ਨਾਲੋਂ ਵੱਡਾ ਕੀ ਹੈ? ਇਹ ਠੀਕ ਗੱਲ ਹੈ। ਜੀ ਹਾਂ **ਸ਼੍ਰੀਮਾਨ, ਸਥਾਨਿਕ ਕਲੀਸਿਯਾ ਦੀ ਸਰਵਉੱਚਤਾ, ਹਰ ਕਲੀਸਿਯਾ ਆਪਣੇ ਆਪ ਵਿੱਚ**... ਹੁਣ ਭਾਈਚਾਰਾ, ਇਹ ਅਦਭੁੱਤ ਹੈ। **ਸਾਰੀਆਂ ਕਲੀਸਿਯਾਵਾਂ ਨੂੰ ਇਕੱਠੇ ਉਸ ਤਰ੍ਹਾਂ ਭਾਈਚਾਰੇ ਵਿੱਚ ਹੋਣਾ ਚਾਹੀਦਾ ਹੈ।** ਪਰ ਸਥਾਨਿਕ ਕਲੀਸਿਯਾ ਦੀ ਸਰਵਉੱਚਤਾ ਹੈ! [8]

ਹੁਣ, ਜੇ ਕਲੀਸਿਯਾ ਵਿੱਚ ਕੁਝ ਗਲਤ ਹੈ ਜੋ ਕਿ ਤੁਸੀਂ ਕਦੇ ਜਾਣਦੇ ਹੋ, ਕੋਈ ਵਿਅਕਤੀ ਜਾਂ ਕੁਝ ਵੀ, ਤੁਸੀਂ ਜੁੰਮੇਵਾਰੀ ਵਿੱਚ ਬੱਝੇ ਹੋ, ਅਤੇ ਤੁਹਾਨੂੰ ਪ੍ਰਮੇਸ਼ੁਰ ਦੇ ਅੱਗੇ ਇਸ ਦਾ ਜਵਾਬ ਦੇਣਾ ਪਵੇਗਾ ਜੇ ਤੁਸੀਂ ਉਸ ਚੀਜ਼ ਨੂੰ ਸਾਫ ਨਹੀਂ ਕਰਦੇ ਹੋ। **ਹੁਣ ਯਾਦ ਰੱਖੋ, ਇਹ ਮੇਰੇ ਮੋਢਿਆਂ ਤੇ ਨਹੀਂ ਹੈ; ਇਹ ਤੁਹਾਡਿਆਂ ਤੇ ਹੈ।** ਅਤੇ ਜੇ ਕਲੀਸਿਯਾ ਵਿੱਚ ਕੁਝ ਵੀ ਗਲਤ ਹੈ ਤਾਂ **ਪ੍ਰਮੇਸ਼ੁਰ ਇਸ ਲਈ ਤੁਹਾਡੇ ਤੋਂ ਜਵਾਬ ਲਵੇਗਾ।** ਇਹ ਠੀਕ ਹੈ। ਇਹੀ ਤਰੀਕਾ ਹੈ ਜਿਸ ਨਾਲ ਉਹ ਆਪਣਾ ਚਰਚ ਚਲਾਉਂਦਾ ਹੈ। ਬਾਈਬਲ ਵਿੱਚ ਵੀ ਇਹ ਇਸੇ ਤਰੀਕੇ ਨਾਲ ਹੈ। ਇਹੀ ਬਾਈਬਲ ਦਾ ਕ੍ਰਮ ਹੈ। **ਇਹੀ ਸਥਾਨਿਕ ਕਲੀਸਿਯਾ ਦੀ ਸਰਵਉੱਚਤਾ ਹੈ; ਪਾਸਟਰ ਮੁੱਖੀ ਹੈ।** ਇਹ ਠੀਕ ਹੈ। ਆਮੀਨ।

ਇਸ ਲਈ, ਕਿਸੇ ਇੱਕ ਵੀ ਆਦਮੀ ਕੋਲ ਇਸ ਵਿੱਚ ਕਰਨ ਲਈ ਕੁਝ ਵੀ ਨਹੀਂ ਹੈ; **ਇਹ ਲੋਕਾਂ ਦਾ ਬਹੁਮੱਤ ਹੈ।** ਜੀ ਹਾਂ ਸ਼੍ਰੀਮਾਨ। ਜੇਕਰ ਵੀਹ ਵੋਟਾਂ ਉਹਦੇ ਹੱਕ ਵਿੱਚ ਹਨ ਅਤੇ ਇੱਕੀ ਉਹਦੇ ਵਿਰੁੱਧ ਹਨ ਤਾਂ ਉਹ ਜਾਂਦਾ ਹੈ ਜਾਂ ਜੇਕਰ ਇਸ ਦਾ ਉਲਟ ਹੁੰਦਾ ਹੈ ਤਾਂ ਉਹ ਰਹਿੰਦਾ ਹੈ। ਸਮਝੇ? ਇਹ ਹੀ ਹੈ, **ਇਹ ਸਥਾਨਿਕ ਕਲੀਸਿਯਾ ਦੀ ਸਰਵਉੱਚਤਾ ਹੈ,** ਫਿਰ ਹਰ ਇੱਕ ਮੈਂਬਰ ਦਾ ਕਲੀਸਿਯਾ ਵਿੱਚ ਇਹੀ ਕਹਿਣਾ ਹੁੰਦਾ ਹੈ। ਕੁਝ ਵੀ ਗਲਤ ਚੱਲਦਾ ਹੈ ਤਾਂ ਉਹ ਠੀਕ ਦੁਆਲੇ ਆ ਸਕਦੇ ਹਨ, ਅਤੇ ਇੱਕੋ ਚੀਜ਼ ਜੋ ਉਹਨਾਂ ਨੇ ਕਰਨੀ ਹੈ, ਉਹ ਇਹ ਹੈ ਕਿ ਉਹ ਪ੍ਰਮੇਸ਼ੁਰ ਦੇ ਅੱਗੇ ਆਉਣ ਅਤੇ ਬਿਲਕੁੱਲ ਚੰਗੀ ਤਰ੍ਹਾਂ ਵੇਖਣ ਕਿ ਕੁਝ ਵੀ ਕਲੀਸਿਯਾ ਨੂੰ ਅੱਗੇ ਵੱਧਣ ਤੋਂ ਨਾ ਰੋਕੇ।

**ਪਰ ਕਲੀਸਿਯਾ ਦਾ ਪੂਰਨ ਅਤੇ ਸੰਪੂਰਨ ਅਧਿਕਾਰੀ ਪਾਸਟਰ ਹੈ।** ਇਸ ਨੂੰ ਬਾਈਬਲ ਵਿੱਚ ਪੜ੍ਹੋ; ਵੇਖੋ ਕਿ ਕੀ ਇਹ ਬਾਈਬਲ ਦਾ ਆਦੇਸ਼ ਨਹੀਂ ਹੈ? ਇਹ ਬਿਲਕੁੱਲ ਠੀਕ ਹੈ। **ਕੋਈ ਵੀ ਬਜ਼ੁਰਗ ਤੋਂ ਉੱਪਰ ਨਹੀਂ ਹੈ।** ਮੇਰਾ ਉਸ ਨਾਲ ਕੋਈ ਲੈਣਾ ਦੇਣਾ ਨਹੀਂ ਹੈ ਜੋ ਭਾਈ ਨੇਵਿਲ ਇੱਥੇ ਕਰਦਾ ਹੈ। ਇਹ ਤੁਹਾਡੇ ਉੱਤੇ ਅਤੇ ਭਾਈ ਨੇਵਿਲ ਦੇ ਉੱਤੇ ਹੈ। [7]

ਹੁਣ ਪ੍ਰਮੇਸ਼ੁਰ ਦਾ ਫੈਂਸਲਾ ਕਲੀਸਿਯਾ ਲਈ ਸਰਵਉੱਚ ਹੈ, ਅਤੇ ਪਾਸਟਰ ਕਲੀਸਿਯਾ ਵਿੱਚ ਸੱਭ ਤੋਂ ਉੱਤਲੇ ਸਥਾਨ ਤੇ ਹੈ, ਪਵਿੱਤਰ ਆਤਮਾ ਤੋਂ ਬਾਅਦ ਬਜ਼ੁਰਗ ਰਸੂਲਾਂ ਵਾਲੀ ਕਲੀਸਿਯਾ ਵਿੱਚ ਸੱਭ ਤੋਂ ਉੱਤਲੇ ਸਥਾਨ ਤੇ ਹੈ। ਪਵਿੱਤਰ ਆਤਮਾ ਆਪਣਾ ਸੰਦੇਸ਼ ਸਿੱਧਾ ਬਜੁਰਗ ਨੂੰ ਦਿੰਦਾ ਹੈ, ਅਤੇ ਬਜੁਰਗ ਇਸਨੂੰ ਲੋਕਾਂ ਨੂੰ ਦਿੰਦਾ ਹੈ। [9]

ਹਵਾਲੇ:


[1] ਬਸ ਇੱਕ ਵਾਰ ਫਿਰ, ਪ੍ਰਭੂ (63–0120E) ਪੈਰ੍ਹਾ 75

[2] ਪਰਗਮੁੱਮ ਦੀ ਕਲੀਸਿਯਾ ਦਾ ਯੁੱਗ – ਸਫਾ 197

[3] ਭਾਰਤ ਦੀ ਯਾਤਰਾ ਦੀ ਰਿਪੋਰਟ (57–0126) ਪੈਰ੍ਹਾ E-15

[4] ਵਾਢੀ ਦਾ ਵੇਲਾ (64–1212) ਪੈਰ੍ਹਾ 115–117

[5] ਸਰਵੋਤਮ ਚੇਤਨਾ ( 59–1227E) ਪੈਰ੍ਹਾ 16

[6] ਦਰਵਾਜੇ ਦੀ ਕੁੰਜੀ (62–1007) ਪੈਰ੍ਹਾ 8

[7] ਇਬਰਾਨੀਆਂ ਪਾਠ 7 ਭਾਗ 2 ਅਤੇ ਕਲੀਸਿਯਾਈ ਦਸਤੂਰ (57–0922) ਪੈਰ੍ਹਾ 276–282, 292

[8] ਇਬਰਾਨੀਆਂ ਪਾਠ 5 ਅਤੇ 6 ( 57–0908M) ਪੈਰ੍ਹਾ 26

[9] ਕਲੀਸਿਯਾਈ ਦਸਤੂਰ ( 58–1007) ਸਫਾ 1199